ਦਫ਼ਤਰ- ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ:1, ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਸ਼ਾਖਾ, ਅੰਮ੍ਰਿਤਸਰ।
ਫੋਨ / ਫੈਕਸ ਨੰਬਰ- 01832564793 Email - xenc1amritsar@yahoo. com

ਸੇਵਾ ਵਿਖੇ,

ਡਿਸਟ੍ਰਿਕ ਮੈਜਿਸਟਰੇਟ,
ਤਰਨ ਤਾਰਨ।

ਨੰ: 981 ਮਿਤੀ 04/11/2020

**Subject:** **No objection Certificate for setting up of retail outlet at Village Mianpur Baba Budha Sahib road, District Tarn Taran.**

**Reference:** **Your office letter No. ALA/ ALC/ 2508-18 dt. 22.06.2020 addressed to Superintending Engineer, Construction Circle, PWD (B&R), Amritsar & others.**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਹਵਾਲੇ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਮੀਆਂਪੁਰ ਬਾਬਾ ਬੁੱਢਾ ਰੋਡ ਬਲਾਕ ਗੰਡੀਵਿੰਡ ਜਿਲ੍ਹਾ ਤਰਨ ਤਾਰਨ ਵਿਖੇ ਲੱਗਣ ਵਾਲੇ ਪੰਪ ਦਾ ਐਨ.ਓ.ਸੀ. ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ:-

1. ਸਲਿਪ ਰੋਡਜ ਮੌਕੇ ਤੇ ਆਪਣੇ ਖਰਚੇ ਤੇ ਬਣਾਈ ਜਾਵੇ।
2. ਪੰਪ ਦੇ ਫਰਸ਼ ਦੀ ਸਲੋਪ ਬੈਕ ਸਾਈਡ ਨੂੰ ਹੋਣੀ ਚਾਹੀਦੀ ਹੈ ਤਾਂ ਜੋ ਬਰਸਾਤ ਦਾ ਪਾਣੀ ਰੋਡ ਤੇ ਨਾ ਆਵੇ।
3. ਪੰਪ ਦੇ ਫਰੰਟ ਤੇ 2 ਫੁੱਟ ਸਪੈਨ ਸਲੈਬ ਕਲਵਰਟ ਪਾਈ ਜਾਵੇ ਤਾਂ ਜੋ ਬਰਸਾਤ ਦਾ ਪਾਣੀ ਸੜਕ ਵਾਲੀ ਸਾਈਡ ਤੇ ਨਾ ਆਵੇ।
4. ਪਾਣੀ ਦੀ ਨਿਕਾਸੀ ਪੰਪ ਦੀ ਬੈਕ ਸਾਈਡ ਵੱਲ ਹੋਣੀ ਚਾਹੀਦੀ ਹੈ।।
5. ਪੰਪ ਲਗਾਉਦੇ ਸਮੇਂ ਆਈ.ਆਰ.ਸੀ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ ਆਦਿ।
6. ਪੈਟਰੋਲ ਪੰਪ ਦਾ ਲੈਵਲ ਸੜਕ ਦੇ ਲੈਵਲ **ਤੋਂ** ਨੀਵਾਂ ਰੱਖਿਆ ਜਾਵੇ।
7. ਇਹ ਐਨ.ਓ.ਸੀ. ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 5 ਸਾਲਾਂ ਲਈ ਜਾਰੀ ਕੀਤਾ ਜਾਂਦਾ ਹੈ। 5 ਸਾਲਾਂ ਬਾਅਦ ਪੰਜਾਬ ਸਰਕਾਰ ਦੀਆਂ ਪ੍ਰਾਪਤ ਹਦਾਇਤਾਂ ਅਨੁਸਾਰ ਬਣਦੀ ਫੀਸ ਇਸ ਦਫ਼ਤਰ ਵਿਚ ਜਮ੍ਹਾਂ ਕਰਵਾਈ ਜਾਵੇ, ਅਜਿਹਾ ਨਾ ਕਰਨ ਦੀ ਸੂਰਤ ਵਿਚ ਆਈ.ਓ.ਸੀ. ਨੂੰ ਲਿਖ ਦਿੱਤਾ ਜਾਵੇਗਾ।

ਇਸ ਉਪਰੰਤ ਜੇਕਰ ਫਿਰ ਵੀ ਕਿਸੇ ਪ੍ਰਕਾਰ ਦਾ ਕੋਰਟ ਕੇਸ ਜ਼ਾ **ਕੋਈ** ਸ਼ਿਕਾਇਤ ਆਉਂਦੀ ਹੈ ਤਾਂ **ਇਸ ਦੀ** ਜਿੰਮੇਵਾਰੀ ਮਾਲਕ ਦੀ ਨਿੱਜੀ ਹੋਵੇਗੀ। **ਕੋਰਟ** ਕੇਸ ਦਾ ਮਹਿਕਮੇ ਨਾਲ ਕੋਈ ਸਬੰਧ ਨਹੀਂ ਹੋਵੇਗਾ ਅਤੇ ਪੈਟਰੋਲ ਪੰਪ ਦੀ ਐਨ.ਓ.ਸੀ. ਬਿਨ੍ਹਾਂ ਕਿਸੇ ਕਾਰਨ ਦੱਸੇ ਰੱਦ ਕਰਕੇ Indian Oil Corporation Ltd. ਨੂੰ ਸੂਚਿਤ ਕਰ ਦਿੱਤਾ ਜਾਵੇਗਾ। ਸਬੰਧਤ ਮਾਲਕ ਵਲੋਂ ਲੀਜ ਮੰਨੀ ਦਾ ਡਰਾਫਟ ਨੰਬਰ 003495 ਮਿਤੀ 03.11.2020 ਰਕਮ 2,50,000/-ਰੁਪਏ ਜੁਆਇੰਟ ਸੈਕਟਰੀ, ਪੀ.ਆਰ.ਬੀ.ਡੀ.ਬੀ. ਮੋਹਾਲੀ ਦੇ ਹੱਕ ਵਿਚ ਦਫ਼ਤਰ ਵਿਖੇ ਜਮ੍ਹਾਂ ਕਰਵਾ ਦਿੱਤਾ ਗਿਆ ਹੈ ਜੀ।

ਨੱਥੀ/ਪਲੈਨ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ;1,ਲੋ:ਨਿ:ਵਿ;
(ਭ ਤੇ ਮ)ਸਾਖਾ,ਅੰਮ੍ਰਿਤਸਰ।

ਪਿੰ:ਅੰ:ਨੰ: ਮਿਤੀ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ,ਉਸਾਰੀ ਉਪ ਮੰਡਲ ਨੰ:1, ਅੰਮ੍ਰਿਤਸਰ ਨੂੰ ਉਨ੍ਹਾਂ ਦੇ ਦਫ਼ਤਰ ਦੇ ਪੱਤਰ ਨੰ; 225 ਮਿਤੀ 22.10.2020 ਦੇ ਸਬੰਧ ਵਿਚ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਮੌਕੇ ਤੇ ਪੰਪ ਨੱਥੀ ਪਲੈਨ ਅਤੇ ਉਪਰੋਕਤ ਦਿੱਤੀਆਂ ਸ਼ਰਤਾਂ ਮੁਤਾਬਕ ਹੀ ਫਰਮ ਪਾਸੋਂ ਲਗਵਾਇਆ ਜਾਵੇ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ;1,ਲੋ:ਨਿ:ਵਿ;
(ਭ ਤੇ ਮ)ਸਾਖਾ,ਅੰਮ੍ਰਿਤਸਰ।